ਸੰਪਾਦਕ ਦੀ ਨੋਟਬੁੱਕ: ਸਟੀਫ਼ਨ ਐਮ. ਇਡੇਲਸਨ, ਪੀ.ਐਚ.ਡੀ. (Stephen M. Edelson, Ph.D.)

# "ਰਾਜ਼ੀ ਹੋਣ" ਬਾਰੇ ਗੱਲਬਾਤ

ਆਤਮਲੀਨਤਾ ਸਮੁਦਾਇ ਵਿੱਚ ਇੱਕ ਵਿਭਾਜਕ ਰੇਖਾ ਉਭਰ ਰਹੀ ਹੈ – ਇਸ ਬਿਮਾਰੀ ਦੇ ਨਾਲ ਜੀਵਨ ਬਾਰੇ ਸਾਡੇ ਆਧਾਰਭੂਤ ਵਿਸ਼ਵਾਸਾਂ ਨੂੰ ਸ਼ਪਸ਼ਟ ਕਰਨ ਦੀ ਸ਼ਕਤੀ ਦੇ ਨਾਲ ਇੱਕ ਧਾਰਣਾ।

ਇਸ ਰੇਖਾ ਦੇ ਇੱਕ ਪਾਸੇ ਦੇ ਲੋਕ ਕਹਿੰਦੇ ਹਨ ਕਿ ਆਤਮਲੀਨਤਾ ਇੱਕ ਆਜੀਵਨ ਨਾੜੀ-ਵਿਕਾਸਾਤਮਕ ਵਿਕਾਰ ਹੈ ਜਿਸ ਵਿੱਚ ਕੀਤੀ ਗਈ ਭਵਿੱਖਬਾਣੀ ਨਿਰਾਸ਼ਾਜਨਕ ਹੁੰਦੀ ਹੈ। ਇਹ ਪੂਰਵ-ਨਿਰਧਾਰਿਤ, ਘੱਟ-ਤੋਂ-ਘੱਟ ਉਪਚਾਰੀ ਅਤੇ ਆਜੀਵਨ ਰਹਿੰਦਾ ਹੈ।

"ਪੂਰਵ-ਨਿਰਧਾਰਿਤ, ਘੱਟ-ਤੋਂ-ਘੱਟ ਉਪਚਾਰੀ, ਆਜੀਵਨ ...." ਇਸ ਰੇਖਾ ਦੇ ਦੂਜੇ ਪਾਸੇ ਦੇ ਮਾਪੇ ਅਤੇ ਚਿਕਿਤਸਾ ਪੇਸ਼ਾਵਰ ਇਸ ਭਾਸ਼ਾ ਬਾਰੇ ਸ਼ੱਕੀ ਹਨ। ਇਸਦੇ ਬਦਲੇ, ਇਹ ਇੱਕ ਅਜਿਹੇ ਸ਼ਬਦ ਦੀ ਵਰਤੋਂ ਕਰਦੇ ਹਨ ਜੋ ਆਤਮਲੀਨਤਾ ਭਾਸ਼ਾ ਲਈ ਨਵਾਂ ਹੈ, ਇੱਕ ਇਕੱਲਾ ਸ਼ਬਦ ਜੋ ਚਾਰ ਸੰਖੇਪ ਅੱਖਰ – ਸਮੂਹਾਂ ਵਿੱਚ ਇਸ ਵੱਡੇ ਵਿਵਾਦ ਦਾ ਸਾਰ ਪ੍ਰਸਤੁਤ ਕਰਦਾ ਹੈ: ਰਿਕਵਰੀ (ਰਾਜ਼ੀ ਹੋਣਾ)। ਆਤਮਲੀਨਤਾ ਦੀ ਰਹਸਮਈ ਦੁਨੀਆ ਤੋਂ ਸਾਡੇ ਕੋਲ ਵਾਪਸ ਆਉਣ ਵਾਲੇ ਹਰ ਇੱਕ ਛੋਟੇ ਬੱਚੇ ਦੇ ਨਾਲ ਵਧੇਰੇ ਮਾਪੇ ਰੇਖਾ ਦੇ ਇਸ ਪਾਸੇ ਹੋਣ ਦੀ ਚੋਣ ਕਰ ਰਹੇ ਹਨ।

ਡਾਕਟਰ ਬਰਨਾਰਡ ਰਿਮਲੈਂਡ ਨੇ ਆਤਮਲੀਨਤਾ ਲਈ ਪ੍ਰਭਾਵਸ਼ਾਲੀ ਬਾਇਓਮੈਡੀਕਲ ਅਤੇ ਵਿਹਾਰਾਤਮਕ ਇਲਾਜਾਂ ਨੂੰ ਪਛਾਨਣ ਲਈ ਵਿਸਤ੍ਰਿਤ ਰੂਪ ਵਿੱਚ ਕੰਮ ਕੀਤਾ ਅਤੇ ਸਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਕਿ ਉਹ ਧਰਤੀ ਤੋਂ ਇਸ ਵਿਨਾਸ਼ਕਾਰੀ ਬਿਮਾਰੀ ਨੂੰ ਪੂਰੀ ਤਰ੍ਹਾਂ ਹਟਾ ਦੇਣਾ ਚਾਹੁੰਦੇ ਸਨ। ਉਹਨਾਂ ਦੀ ਡਿਫ਼ੀਟ ਆਟਿਜ਼ਮ ਨਾਉ! (DAN!) ਪਰਿਯੋਜਨਾ ਦਾ ਨਾਮ ਹੀ ਆਤਮਲੀਨਤਾ ਨੂੰ ਹਰਾਉਣ ਅਤੇ ਹੁਣੇ ਕਰਨ ਦੀ ਉਹਨਾਂ ਦੀ ਤੀਬਰ ਇੱਛਾ ਦਾ ਸਮਰਥਨ ਕਰਦਾ ਹੈ।

ਸ਼ੁਰੂ ਵਿੱਚ, ਇਹ ਟੀਚਾ ਬਹੁਤ ਸਾਰੇ ਲੋਕਾਂ ਨੂੰ ਪੂਰਾ ਨਾ ਕੀਤੇ ਜਾਣ ਵਾਲੇ ਇੱਕ ਸੁਪਨੇ ਜਿਹਾ ਪ੍ਰਤੀਤ ਹੁੰਦਾ ਸੀ। ਜ਼ਿਆਦਾਤਰ ਲੋਕ ਆਤਮਲੀਨਤਾ ਸੰਬੰਧੀ ਨਿਯਤੀਵਾਦ ਦੇ ਬ੍ਰਾਂਡ ਵਿੱਚ ਵਿਸ਼ਵਾਸ ਕਰਦੇ ਸੀ: ਬੱਚੇ ਸਿਰਫ਼ ਉੱਥੇ ਤਕ ਤਰੱਕੀ ਕਰਨਗੇ ਜਿੱਥੇ ਤਕ ਉਹਨਾਂ ਦੀ ਜਨਮ-ਜਾਤ ਸਮਰੱਥਾ ਆਗਿਆ ਦਵੇਗੀ ਅਤੇ ਜ਼ਿਆਦਾਤਰ ਲੋਕਾਂ ਲਈ ਬੱਚੇ ਨੂੰ ਕਿਸੇ ਸੰਸਥਾਨ ਵਿੱਚ ਭੇਜੇ ਜਾਣ ਲਈ ਪਰਿਵਾਰ ਨੂੰ ਤਿਆਰ ਕਰਨ ਦੇ ਇਲਾਵਾ ਕੁਝ ਨਹੀਂ ਕੀਤਾ ਜਾ ਸਕਦਾ ਸੀ। ਇਹ ਵਿਚਾਰ ਸਮੇਂ ਦੀ ਵਾਸਤਵਿਕਤਾ ਨੂੰ ਪ੍ਰਤਿਬਿੰਬਿਤ ਕਰਦਾ ਸੀ, ਕਿਉਂਕਿ DAN! ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ, ARI ਨੂੰ ਸੰਸਥਾਨ ਦੇ 40-ਸਾਲ ਦੇ ਇਤਿਹਾਸ ਦੇ ਦੌਰਾਨ ਆਤਮਲੀਨਤਾ ਤੋਂ ਰਾਜ਼ੀ ਹੋਣ ਬਾਰੇ ਸਿਰਫ਼ ਥੋੜ੍ਹੀਆਂ ਹੀ ਰਿਪੋਰਟਾਂ ਮਿਲੀ ਸੀ।

ਹਾਲਾਂਕਿ, ਪਿਛਲੇ ਦੋ ਦਹਾਕਿਆਂ ਦੇ ਦੌਰਾਨ ਆਤਮਲੀਨਤਾ ਵਿੱਚ ਬਹੁਤ ਜ਼ਿਆਦਾ ਵਾਧੇ ਦੀ ਤਰਾਸਦੀ ਨੇ ਇਸ ਵਿਵਾਦ ਵਿੱਚ ਬਹੁਤ ਸਾਰੇ ਬੁੱਧੀਜੀਵੀਆਂ ਨੂੰ ਇਕੱਠਾ ਕੀਤਾ ਅਤੇ ਛਾਣ-ਬੀਨ ਲਈ ਨਵੇਂ ਰਸਤੇ ਖੋਲ੍ਹੇ। 2003 ਤਕ ਮਾਪੇ ਅਤੇ

ਡਾਕਟਰ ਆਪਣੀਆਂ ਵੱਧਦੀਆਂ ਹੋਈਆਂ ਸਫਲਤਾਵਾਂ ਬਾਰੇ ਸਾਨੂੰ ਦੱਸਣ ਲੱਗੇ ਕਿਉਂਕਿ ਬਾਇਓਮੈਡੀਕਲ ਅਤੇ ਮੈਡੀਕਲ, ਦੋਵਾਂ ਤਰੀਕਿਆਂ ਦੀ ਮਿਲੀ-ਜੁਲੀ ਵਰਤੋਂ ਕਰਕੇ ਆਤਮਲੀਨਤਾ ਤੋਂ ਪੀੜਿਤ ਬੱਚਿਆਂ ਦੀ ਇੱਕ ਅਕਲਪਿਤ ਸੰਖਿਆ ਅਸਧਾਰਣ ਰੂਪ ਵਿੱਚ ਰਾਜ਼ੀ ਹੋਣ ਲੱਗੀ। ਇਹਨਾਂ ਵਿੱਚੋਂ ਬਹੁਤ ਸਾਰੇ ਬੱਚੇ, ਜਿਨ੍ਹਾਂ ਦਾ ਕਦੇ ਡਾਕਟਰੀ ਤੌਰ 'ਤੇ ਆਤਮਲੀਨਤਾ ਤੋਂ ਪੀੜਿਤ ਦੇ ਰੂਪ ਵਿੱਚ ਨਿਦਾਨ ਕੀਤਾ ਗਿਆ ਸੀ, ਹੁਣ ਇਸ ਨਿਦਾਨ ਲਈ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ ਸਨ, ਅਤੇ ਉਹਨਾਂ ਦੇ ਡਾਕਟਰ, ਸਕੂਲ ਅਤੇ ਮਾਪੇ ਇਸ ਗੱਲ ਤੋਂ ਖ਼ੁਸ਼ ਸਨ ਕਿ ਹੁਣ ਉਹਨਾਂ ਨੂੰ ਅੱਗੇ ਤੋਂ ਵਿਕਲਾਂਗ ਨਹੀਂ ਮੰਨਿਆ ਜਾਵੇਗਾ।

ਜਦੋਂ ਸਾਡੇ ਆਫ਼ਿਸ ਵਿੱਚ ਪਹਿਲੀ ਕੁਝ ਰਿਪੋਰਟਾਂ ਆਈਆਂ, ਤਾਂ ਅਸੀਂ ਸ਼ੱਕਵਾਦੀ ਸੀ। ਸਥਾਪਤ ਆਤਮਲੀਨਤਾ ਤੋਂ ਰਾਜ਼ੀ ਹੋਣਾ ਬਹੁਤ ਦੁਰਲੱਭ ਸੀ। (ਕੋਈ ਸ਼ਕ ਨਹੀਂ, 20 ਸਾਲ ਪਹਿਲਾਂ ਤਕ, ਆਤਮਲੀਨਤਾ ਆਪਣੇ-ਆਪ ਬਹੁਤ ਦੁਰਲੱਭ ਸੀ!) ਪਰ, ਮਾਪਿਆਂ ਅਤੇ ਡਾਕਟਰਾਂ ਦੇ ਨਾਲ ਬਹੁਤ ਸਾਰੀਆਂ ਗੱਲਾਂਬਾਤਾਂ ਦੇ ਬਾਅਦ, ਅਤੇ ਪਹਿਲਾਂ ਅਤੇ ਬਾਅਦ ਦੇ ਵੀਡਿਓ ਅਤੇ ਦਸਤਾਵੇਜ਼ਾਂ ਦਾ ਦੁਬਾਰਾ ਨਿਰੀਖਣ ਕਰਨ ਦੇ ਬਾਅਦ, ਡਾਕਟਰ ਰਿਮਲੈਂਡ ਨੂੰ ਬਹੁਤ ਜ਼ਿਆਦਾ ਖ਼ੁਸ਼ੀ ਦੇ ਨਾਲ ਅਹਿਸਾਸ ਹੋਇਆ ਕਿ ਕੁਝ ਬੱਚੇ, ਯਕੀਨਨ ਆਤਮਲੀਨਤਾ ਤੋਂ ਰਾਜ਼ੀ ਹੋ ਰਹੇ ਸਨ। ਅਤੇ ਜਿਵੇਂ ਕਿ ਰਿਪੋਰਟਰ ਡੇਨ ਓਲਮਸਟੇਡ ਨੇ ਆਪਣੀ ਲੜੀ The Age of Autism (ਆਤਮਲੀਨਤਾ ਦਾ ਯੁਗ) ਵਿੱਚ ਵਰਣਨ ਕੀਤਾ ਹੈ, ਜਿਸਦੀ ਕਿ ਡਾਕਟਰ ਰਿਮਲੈਂਡ ਬਹੁਤ ਜ਼ਿਆਦਾ ਪ੍ਰਸ਼ੰਸ਼ਾਂ ਕਰਦੇ ਸਨ, ਕੈਨਰ ਦੇ ਮੂਲ ਆਤਮਲੀਨਤਾ ਤੋਂ ਪੀੜਿਤ 11 ਵਿਅਕਤੀਆਂ ਵਿੱਚੋਂ ਇੱਕ, ਡੋਨਲਡ ਟੀ. 12 ਸਾਲ ਦੀ ਉਮਰ ਵਿੱਚ ਆਤਮਲੀਨਤਾ ਤੋਂ ਮਹੱਤਵਪੂਰਨ ਰੂਪ ਵਿੱਚ ਰਾਜ਼ੀ ਹੋ ਗਿਆ ਜਦੋਂ ਗਠੀਏ ਨਾਲ ਸੰਬੰਧਤ ਸਵੈ-ਪ੍ਰਤਿਰੱਖਿਆ ਮੁੱਦੇ ਲਈ ਉਹਨਾਂ ਦਾ ਇਲਾਜ ਗੋਲਡ ਸਾਲਟਾਂ ਨਾਲ ਕੀਤਾ ਗਿਆ (ਜੋ ਇੱਕ ਸੰਜੋਜਕ ਏਜੰਟ ਦੇ ਰੂਪ ਵਿੱਚ ਕੰਮ ਕਰ ਸਕਦਾ ਹੈ)। ਸ਼ਾਇਦ ਆਤਮਲੀਨਤਾ ਦੇ ਮੂਲ ਕਾਰਨ ਅਤੇ ਰਾਜ਼ੀ ਹੋਣ ਦੀ ਸੰਭਾਵਨਾ ਅਸਲ ਵਿੱਚ ਹਮੇਸ਼ਾਂ ਸਾਡੇ ਸਾਹਮਣੇ ਸਨ – ਜਿਨ੍ਹਾਂ ਨੂੰ ਪਛਾਣਿਆ ਨਾ ਜਾ ਸਕਿਆ ਪਰ ਇਹ ਬਹੁਤ ਵਾਸਤਵਿਕ ਸਨ।

ਜਿਵੇਂ-ਜਿਵੇਂ ਸਕਾਰਾਤਮਕ ਰਿਪੋਰਟਾਂ ਦੀ ਵਾਰਵਾਰਤਾ ਵੱਧਦੀ ਗਈ, ARI ਇਸ ਵਿਕਾਸ਼ਸੀਲ ਤੱਥ ਦੀ ਖ਼ੋਜ 'ਤੇ ਅੱਗੇ ਵੱਧਣ ਲਗਾ ਅਤੇ ਰਾਜ਼ੀ ਹੋਏ ਅਤੇ ਲਗਭਗ ਰਾਜ਼ੀ ਹੋਏ ਬੱਚਿਆਂ ਦੇ ਮਾਤਾ-ਪਿਤਾ ਨੂੰ ਸਾਡੀ ਵੈਬਸਾਈਟ www.AutismIsTreatable.com 'ਤੇ ਰਜਿਸਟਰਡ ਹੋਣ ਲਈ ਬੇਨਤੀ ਕੀਤੇ ਜਾਣ ਦੀ ਸ਼ੁਰੂਆਤ ਹੋਈ। ਅਸੀਂ ਉਹਨਾਂ ਨੂੰ ਇਹ ਸੂਚਿਤ ਕਰਨ ਲਈ ਵੀ ਕਿਹਾ ਕਿ ਇਹ ਦਿਖਾਉਣ ਲਈ ਕਿ ਉਹਨਾਂ ਦੇ ਬੱਚੇ ਆਤਮਲੀਨਤਾ ਤੋਂ ਪੀੜਿਤ ਸੀ, ਉਹ ਕਿਸ ਕਿਸਮ ਦੇ ਦਸਤਾਵੇਜ਼ ਮੁਹੱਈਆ ਕਰ ਸਕਦੇ ਹਨ। ਅੱਜ ਦੀ ਤਾਰੀਖ਼ ਵਿੱਚ, 1,100 ਤੋਂ ਵੱਧ ਮਾਪੇ ਇਸ ਸਾਈਟ ਦੇ ਮੈਂਬਰ ਬਣ ਗਏ ਹਨ।

ਡਾਕਟਰ ਰਿਮਲੈਂਡ ਇਹਨਾਂ ਬੱਚਿਆਂ ਦਾ ਵਰਣਨ ਕਰਨ ਲਈ "ਰੋਗ-ਮੁਕਤ" ਸ਼ਬਦ ਦੀ ਵਰਤੋਂ ਨਹੀਂ ਕਰਨਾ ਚਾਹੁੰਦੇ ਸਨ। ਇਸਦੇ ਬਜਾਏ, ਉਹ ਵਧੇਰੇ ਉਚਿਤ ਸ਼ਬਦ "ਰਾਜ਼ੀ ਹੋਏ" ਨੂੰ ਬਿਹਤਰ ਸਮਝਦੇ ਸੀ। ਉਹਨਾਂ ਨੇ ਰਾਜ਼ੀ ਹੋਣ ਦੇ ਮਤਲਬ ਨੂੰ ਸਾਫ਼ ਕਰਨ ਲਈ ਵੈਨ ਨਾਈਜ਼ (Van Nuys), ਕੈਲੀਫ਼ੋਰਨੀਆ ਵਿੱਚ ਚਿਲਡ੍ਰਨਜ਼ ਕੋਰਨਰ ਸਕੂਲਸ ਦੇ ਨਿਦੇਸ਼ਕ ਅਤੇ ARI ਅਤੇ DAN! ਦੇ ਸਮਰਥਕ, ਸਟੈਨ ਕਰਟਜ਼ (Stan Kurtz) ਦੁਆਰਾ ਪੇਸ਼ ਕੀਤੀ ਗਈ ਸਮਾਨਤਾ ਨੂੰ ਪਸੰਦ ਕੀਤਾ:

"ਮੰਨ ਲਵੋ ਕਿ ਕਿਸੇ ਵਿਅਕਤੀ ਨੂੰ ਕਿਸੇ ਕਾਰ ਨਾਲ ਸੱਟ ਲੱਗ ਜਾਂਦੀ ਹੈ। ਉਸਦੇ ਪੈਰ ਟੁੱਟ ਜਾਂਦੇ ਹਨ ਅਤੇ ਉਸਦਾ ਦਿਮਾਗ ਕਮਜ਼ੋਰ ਹੋ ਜਾਂਦਾ ਹੈ। ਇਸ ਪਲ, ਉਸਨੂੰ ਵਿਕਲਾਂਗ ਮੰਨਿਆ ਜਾਂਦਾ ਹੈ। ਗਹਿਣ ਪੁਨਰ-ਸਥਾਪਨ ਦੇ ਬਾਅਦ ਉਹ ਹਲਕੀ ਜਿਹੀ ਲੰਗੜਾਹਟ ਦੇ ਨਾਲ ਫੇਰ ਚੱਲਣ ਵਿੱਚ ਸਮਰੱਥ ਹੋ ਜਾਂਦਾ ਹੈ ਅਤੇ ਉਸਦੇ ਕੁਝ ਤੰਤੂ ਸੰਬੰਧੀ ਮੁੱਦੇ ਰਹਿ

ਜਾਂਦੇ ਹਨ ਪਰ ਉਹ ਇੱਕ ਆਮ ਜੀਵਨ ਬਤੀਤ ਕਰ ਸਕਦਾ ਹੈ - ਜਾਂ ਸ਼ਾਇਦ ਉਹ ਇੰਨੀ ਚੰਗੀ ਤਰ੍ਹਾਂ ਠੀਕ ਹੋ ਜਾਂਦਾ ਹੈ ਕਿ ਤੁਸੀਂ ਇਹ ਨਹੀਂ ਦੱਸ ਸਕਦੇ ਹੋ ਕਿ ਉਸਦੇ ਨਾਲ ਕੋਈ ਦੁਰਘਟਨਾ ਘਟੀ ਵੀ ਸੀ। ਇਸਨੂੰ ਰਾਜ਼ੀ ਹੋਣਾ ਕਹਿੰਦੇ ਹਨ।

"ਇਸਦੇ ਅਤੇ ਆਤਮਲੀਨਤਾ ਦੇ ਵਿੱਚ ਇਕੋ-ਇੱਕ ਫ਼ਰਕ ਇਹ ਹੈ ਕਿ ਸਾਡੇ ਬੱਚੇ ਕਿਸੇ ਤਰ੍ਹਾਂ ਨਾਲ ਕਾਰ ਤੋਂ ਸੱਟ ਲੱਗਣ ਨਾਲੋਂ ਵਧੇਰੇ ਸੰਵੇਦਨਸ਼ੀਲ ਸਨ - ਅਤੇ ਕਾਰ ਵਿੱਚੋਂ ਨਿਕਲੇ ਧਾਤ ਦੇ ਕੁਝ ਟੁਕੜੇ ਸ਼ਾਇਦ ਅਕਸਰ ਉਹਨਾਂ ਦੇ ਸਰੀਰ ਵਿੱਚ ਰਹਿ ਜਾਂਦੇ ਹਨ। ਸਾਨੂੰ ਇਹਨਾਂ ਟੁਕੜਿਆਂ ਤੋਂ ਬੱਚਿਆਂ ਨੂੰ ਛੁਟਕਾਰਾ ਦਿਲਾਉਣ ਵਿੱਚ ਉਹਨਾਂ ਦੀ ਮਦਦ ਕਰਨ - ਅਤੇ ਉਹਨਾਂ ਨੂੰ ਸੜਕ ਤੋਂ ਦੂਰ ਰੱਖਣ ਦੀ ਲੋੜ ਹੁੰਦੀ ਹੈ - ਤਾਂ ਜੋ ਉਹਨਾਂ ਨੂੰ ਰਾਜ਼ੀ ਹੋਣ ਦਾ ਸਭ ਤੋਂ ਵਧੀਆ ਮੌਕਾ ਦਿੱਤਾ ਜਾ ਸਕੇ।" ਇਸੇ ਤਰ੍ਹਾਂ, ਬਹੁਤ ਸਾਰੇ ਬੱਚੇ, ਜਿਨ੍ਹਾਂ ਦਾ ਕਦੇ ਆਤਮਲੀਨਤਾ ਤੋਂ ਪੀੜਿਤ ਦੇ ਰੂਪ ਵਿੱਚ ਨਿਦਾਨ ਕੀਤਾ ਗਿਆ ਸੀ, ਹੁਣ ਆਪਣੇ ਪਿਛਲੇ ਵਿਹਾਰਾਂ ਦੀਆਂ ਸਿਰਫ਼ ਬਾਰੀਕੀਆਂ ਪ੍ਰਦਰਸ਼ਿਤ ਕਰਦੇ ਹਨ; ਉਦਾਹਰਨ ਲਈ, ਕੁਝ ਵਿੱਚ ਅਜੇ ਵੀ ਹਲਕੇ-ਫੁਲਕੇ ਸੁਭਾਵਕ ਵਿਵਹਾਰ ਦੇਖੇ ਜਾਂਦੇ ਹਨ ਜਾਂ ਪਸੰਦੀਦਾ ਵਿਸ਼ਿਆਂ ਵਿੱਚ ਉਹਨਾਂ ਦਾ ਧਿਆਨ ਲੋੜ ਨਾਲੋਂ ਵੱਧ ਰਹਿੰਦਾ ਹੈ। ਦੇਰ ਤਕ ਟਿਕੇ ਰਹਿਣ ਵਾਲੇ ਮੁੱਦਿਆਂ ਦੇ ਬਾਵਜੂਦ ਰਾਜ਼ੀ ਹੋਏ ਬੱਚੇ ਬਹੁਤ ਸਾਰੇ ਹਾਲਾਤਾਂ ਵਿੱਚ ਸੁਤੰਤਰ ਰੂਪ ਵਿੱਚ ਅਤੇ ਖ਼ੁਸ਼ੀ ਨਾਲ ਜੀਵਨ ਬਤੀਤ ਕਰ ਸਕਣਗੇ, ਉਹਨਾਂ ਦੇ ਉਤਪਾਦਕ ਕਰਿਅਰ ਹੋਣਗੇ, ਅਤੇ ਦੂਸਰਿਆਂ ਦੇ ਨਾਲ ਉਹਨਾਂ ਦੇ ਸੰਤੋਸ਼ਜਨਕ ਲਾਭਕਾਰੀ ਸੰਬੰਧ ਹੋਣਗੇ। ਉਹ ਸ਼ਾਇਦ ਪੂਰੀ ਤਰ੍ਹਾਂ ਨਾਲ "ਰਾਜ਼ੀ" ਨਾ ਹੋਏ ਹੋਣ, ਪਰ ਉਹ ਨਿਸ਼ਚਿਤ ਰੂਪ ਵਿੱਚ ਉਹਨਾਂ ਵਿਨਾਸ਼ਕਾਰੀ ਲੱਛਣਾਂ ਤੋਂ ਰਾਜ਼ੀ ਹੋਏ ਹਨ ਜੋ ਕਦੇ ਇੱਕ ਆਮ ਭਵਿੱਖ ਦੇ ਵੱਲ ਜਾਣ ਵਾਲੇ ਉਹਨਾਂ ਦੇ ਰਸਤਿਆਂ ਵਿੱਚ ਰੁਕਾਵਟ ਪਾਉਂਦੇ ਸਨ।

ਲਾਜ਼ਮੀ ਤੌਰ 'ਤੇ, ਇਹ ਵਿਚਾਰ ਕਿ ਆਤਮਲੀਨਤਾ ਤੋਂ ਰਾਜ਼ੀ ਹੋਣਾ ਸੰਭਵ ਹੈ, ਗੁੱਸਾ ਲਿਆ ਦਿੰਦਾ ਹੈ। ਆਲੋਚਕਾਂ ਨੇ ਇਸਨੂੰ ਬਕਵਾਸ ਦੱਸਿਆ ਹੈ ਅਤੇ ਕਿਹਾ ਹੈ ਕਿ ਰਾਜ਼ੀ ਹੋਣਾ ਅਸੰਭਵ ਹੈ। ਕੁਝ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਕਥਿਤ "ਰਾਜ਼ੀ ਹੋਏ ਬੱਚੇ" ਕਦੇ ਵੀ ਆਤਮਲੀਨਤਾ ਤੋਂ ਪੀੜਿਤ ਨਹੀਂ ਸਨ ਜਾਂ ਇਹ ਕਿ ਇਹ ਬੱਚੇ ਸਿਰਫ਼ "ਸੁਭਾਵਕ ਤੌਰ 'ਤੇ ਰਾਜ਼ੀ ਹੋਏ"।

ਇਹਨਾਂ ਬੱਚਿਆਂ ਦੇ ਮਾਤਾ-ਪਿਤਾ ਇਹਨਾਂ ਸ਼ੰਕਾਵਾਦੀਆਂ ਨੂੰ ਸੱਦਾ ਦਿੰਦੇ ਹਨ ਕਿ ਉਹਨਾਂ ਨੂੰ ਵੀਡਿਓ, ਅਤੇ www.Autism-RecoveredChildren.org. 'ਤੇ ਆਰਕਾਈਵ ਸੈਕਸ਼ਨ ਦੇਖਣਾ ਚਾਹੀਦਾ ਹੈ।

ਇਸ ਵੈਬਸਾਈਟ 'ਤੇ ਇੱਕ ਵੀਡਿਓ ਦਾ ਵਰਣਨ ਆਬਰਨ ਯੂਨੀਵਰਸਿਟੀ ਆਟਿਜ਼ਮ ਸੈਂਟਰ ਦੇ ਸਹਿ-ਨਿਦੇਸ਼ਕ, ਡਾਕਟਰ ਕੈਰੋਲੀਨ ਗੋਮੇਜ਼ ਦੁਆਰਾ ਕੀਤਾ ਗਿਆ ਹੈ। ਇਸ ਵੀਡਿਓ ਵਿੱਚ ਉਸਦੇ ਗਾਹਕਾਂ ਵਿੱਚੋਂ ਇੱਕ, ਸਲੇਟਰ ਨੂੰ ਦਿਖਾਇਆ ਗਿਆ ਹੈ ਜਿਸਨੂੰ DAN! ਬਾਇਓਮੈਡੀਕਲ ਦਖਲ ਦਿੱਤੇ ਗਏ ਸਨ। ਡਾਕਟਰ ਗੋਮੇਜ਼ ਦਾ ਕਹਿਣਾ ਹੈ ਕਿ 20 ਸਾਲਾਂ ਵਿੱਚ ਉਸਦੇ ਦੁਆਰਾ ਦੇਖੇ ਗਏ ਬੱਚਿਆਂ ਵਿੱਚ ਸਲੇਟਰ ਇਕੋ-ਇੱਕ ਬੱਚਾ ਹੈ ਜਿਸਦਾ ਨਿਦਾਨ ਲੁਪਤ ਹੋ ਗਿਆ ਹੈ। ਇਸ ਵੀਡੀਓ ਵਿੱਚ ਤੁਸੀਂ ਸਲੇਟਰ ਦਾ DAN! ਤਰੀਕੇ ਨਾਲ ਇਲਾਜ ਕੀਤੇ ਜਾਣ ਤੋਂ ਪਹਿਲਾਂ ਅਤੇ ਬਾਅਦ, ਦੋਵੇਂ ਸਮਿਆਂ 'ਤੇ ਡਾਕਟਰ ਗੋਮੇਜ਼ ਦੁਆਰਾ ਉਸਨੂੰ ADOS (ਆਤਮਲੀਨਤਾ ਨਿਦਾਨ ਵਿੱਚ ਸਵਰਨ ਪੱਧਰ) ਮੁਹੱਈਆ ਕੀਤੇ ਜਾਂਦੇ ਹੋਏ ਦੇਖਦੇ ਹਾਂ। ਇਸ ਦਸਤਾਵੇਜ਼ ਵਿੱਚ ਸਾਫ਼-ਸਾਫ਼ ਦਰਸ਼ਾਇਆ ਗਿਆ ਹੈ ਕਿ ਸਲੇਟਰ ਸਿਰਫ਼ 10 ਮਹੀਨਿਆਂ ਵਿੱਚ ਆਤਮਲੀਨਤਾ ਤੋਂ ਰਾਜ਼ੀ ਹੋਇਆ ਹੈ।

ARI ਵਿੱਚ ਅਸੀਂ ਮਾਪਿਆਂ ਨੂੰ ਝੂਠੀ ਉਮੀਦ ਦੇਣ ਬਾਰੇ ਬਹੁਤ ਸਾਵਧਾਨ ਰਹਿੰਦੇ ਹਾਂ; ਪਰ ਜਦੋਂ ਰਾਜ਼ੀ ਹੋਣਾ ਜਾਂ ਲਗਭਗ ਰਾਜ਼ੀ ਹੋਣਾ ਸੰਭਵ ਹੋਵੇ, ਤਾਂ ਕੋਈ ਉਮੀਦ ਨਾ ਦੇਣਾ ਇੱਕ ਜ਼ਿਆਦਾ ਵੱਡੀ ਗਲਤੀ ਹੁੰਦੀ ਹੈ। ARI ਦੁਆਰਾ ਇਹ ਕਹਿ ਕੇ ਵਾਸਤਵਿਕ ਉਮੀਦ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ: "ਆਤਮਲੀਨਤਾ ਦਾ ਇਲਾਜ ਕੀਤਾ ਜਾ ਸਕਦਾ ਹੈ,

ਅਤੇ ਬਹੁਤ ਸਾਰੇ ਵਿਅਕਤੀਆਂ ਲਈ ਰਾਜ਼ੀ ਹੋਣਾ ਸੰਭਵ ਹੈ।" ਸਾਫ਼ ਤੌਰ 'ਤੇ, ਅਸੀਂ ਆਤਮਲੀਨਤਾ ਤੋਂ ਪੀੜਿਤ ਹਰ ਇੱਕ ਬੱਚੇ ਲਈ ਰਾਜ਼ੀ ਹੋਣ ਜਾਂ ਲਗਭਗ ਰਾਜ਼ੀ ਹੋਣ ਦੀ ਤਸੱਲੀ ਨਹੀਂ ਦੇ ਸਕਦੇ ਹਾਂ, ਹਾਲਾਂਕਿ ਅਸੀਂ ਉਮੀਦ ਕਰਦੇ ਹਾਂ ਕਿ ਕਿਸੇ ਦਿਨ ਇਹ ਵਾਸਤਵਿਕਤਾ ਹੋਵੇਗੀ।

ਇਹ ਉਮੀਦ, ਨਿਸ਼ਚਿਤ ਤੌਰ 'ਤੇ, ਅਸੁਭਾਵਕ ਨਹੀਂ ਹੈ। ਇੱਕ ਬਹੁਤ ਵਧੀਆ ਉਦਾਹਰਨ ਹੈ PKU ਦੀ ਕਹਾਣੀ, ਜੋ ਕਦੇ ਮਾਨਸਿਕ ਮੰਦਨ ਦੇ ਆਮ ਰੂਪਾਂ ਵਿੱਚੋਂ ਇੱਕ ਸੀ। PKU ਤੋਂ ਪੀੜਿਤ ਬੱਚੇ ਸਧਾਰਣ ਤੋਂ ਲੈਕੇ ਗੰਭੀਰ ਰੂਪ ਨਾਲ ਮੰਦ ਸਨ, ਅਤੇ ਸ਼ੁਰੂ ਵਿੱਚ ਉਹਨਾਂ ਦੇ ਰਾਜ਼ੀ ਹੋਣ ਦੀ ਕੋਈ ਉਮੀਦ ਨਹੀਂ ਸੀ। ਪਰ, ਇੱਕ ਵਾਰ ਜਦੋਂ ਖੋਜਕਰਤਾਵਾਂ ਨੇ ਇਸ ਵਿਕਾਰ ਦੇ ਆਧਾਰਭੂਤ ਕਾਰਨ ਨੂੰ ਸਮਝ ਲਿਆ, ਤਾਂ ਉਹਨਾਂ ਨੇ PKU ਤੋਂ ਪੀੜਿਤ ਨਵਜਾਤ ਬੱਚਿਆਂ ਨੂੰ ਪਛਾਨਣ ਲਈ ਇੱਕ ਸਰਲ ਪਰੀਖਣ ਵਿਕਸਿਤ ਕੀਤਾ ਅਤੇ ਫੇਰ ਤੁਰੰਤ ਖ਼ੁਰਾਕ-ਸੰਬੰਧੀ ਦਖਲ ਪੇਸ਼ ਕੀਤਾ। ਨਤੀਜੇ ਵਜੋਂ, ਯੂਐਸ ਵਿੱਚ PKU ਦੇ ਬਹੁਤ ਘੱਟ ਮਾਮਲੇ ਹਨ। ਸ਼ਾਇਦ ਇੱਕ ਦਿਨ, ਆਤਮਲੀਨਤਾ ਦਾ ਵੀ ਪੂਰੀ ਤਰ੍ਹਾਂ ਨਾਲ ਇਲਾਜ ਕੀਤਾ ਜਾ ਸਕੇ ਜਾਂ ਇਸਨੂੰ ਰੋਕਿਆ ਵੀ ਜਾ ਸਕੇ।

ਆਪਣੇ ਜੀਵਨ ਦੇ ਆਖ਼ਰੀ ਮਹੀਨਿਆਂ ਵਿੱਚ ਡਾਕਟਰ ਰਿਮਲੈਂਡ ਅਕਸਰ ਉਹਨਾਂ ਰਾਜ਼ੀ ਹੋਏ ਬੱਚਿਆਂ ਬਾਰੇ ਗੱਲ ਕਰਿਆ ਕਰਦੇ ਸਨ ਜਿਨ੍ਹਾਂ ਦੇ ਬਹੁਤ ਜ਼ਿਆਦਾ ਆਨੰਦਿਤ ਮਾਤਾ-ਪਿਤਾ ਆਪਣੀ ਕਹਾਣੀਆਂ ARI ਦੇ ਨਾਲ ਸਾਂਝੀਆਂ ਕਰਦੇ ਸਨ। ਉਹਨਾਂ ਦੇ ਚਿਹਰੇ 'ਤੇ ਸਾਫ਼-ਸਾਫ਼ ਦਿਖਦਾ ਸੀ ਕਿ ਉਹ ਇਹ ਜਾਣ ਕੇ ਕਿੰਨਾ ਮਾਣ ਮਹਿਸੂਸ ਕਰਦੇ ਸਨ ਕਿ ਬੱਚਿਆਂ ਦੀ ਵੱਧਦੀ ਹੋਈ ਸੰਖਿਆ ਵਿੱਚ ਇੱਕ ਅਜਿਹੇ ਵਿਕਾਰ ਤੋਂ ਹੈਰਾਨੀਜਨਕ ਤਰੀਕੇ ਨਾਲ ਸੁਧਾਰ ਹੋ ਰਿਹਾ ਸੀ ਜਿਸਨੂੰ ਸਿਰਫ਼ ਕੁਝ ਹੀ ਦਹਾਕੇ ਪਹਿਲਾਂ ਉਮੀਦ ਰਹਿਤ ਮੰਨਿਆ ਜਾਂਦਾ ਸੀ। ਡਾਕਟਰ ਰਿਮਲੈਂਡ ਦੇ ਜੀਵਨਕਾਲ ਵਿੱਚ ਹੀ - ਮੁੱਖ ਤੌਰ 'ਤੇ ਉਹਨਾਂ ਦੀਆਂ ਖ਼ੁਦ ਦੀਆਂ ਕੋਸ਼ਿਸ਼ਾਂ ਦੇ ਕਾਰਨ - ਅਸੀਂ "ਕੋਈ ਉਮੀਦ ਨਹੀਂ" ਤੋਂ "ਬਹੁਤਿਆਂ ਲਈ ਉਮੀਦ" ਦੇ ਵੱਲ ਵਧੇ ਹਾਂ। ਸਖ਼ਤ ਮਿਹਨਤ ਅਤੇ ਚੰਗੀ ਕਿਸਮਤ ਨਾਲ, ਅਸੀਂ ਆਪਣੇ ਆਖ਼ਰੀ ਟੀਚੇ ਨੂੰ ਪ੍ਰਾਪਤ ਕਰਾਂਗੇ: "ਸਾਰਿਆਂ ਲਈ ਨਿਵਾਰਨ ਅਤੇ ਸਿਹਤ ਲਾਭ।"

©2007 ਆਤਮਲੀਨਤਾ ਅਨੁਸੰਧਾਨ ਸੰਸਥਾਨ